# ਹੈਲਥ ਐਂਡ ਸੇਫਟੀ ਇੰਸਪੈਕਟਰ ਦੇ ਦੌਰੇ ਵੇਲੇ ਕੀ ਹੁੰਦਾ ਹੈ
# (What to expect when a health and safety inspector calls)

## ਬਿਜ਼ਨਿਸ ਵਾਲਿਆਂ, ਰੁਜ਼ਗਾਰਦਾਤਿਆਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਵਾਸਤੇ ਹਦਾਇਤਨਾਮਾ

### ਇਸ ਪਰਚੇ ਬਾਰੇ

ਇਹ ਪਰਚਾ ਬਿਜ਼ਨਿਸ ਕਰਦੇ ਲੋਕਾਂ ਵਾਸਤੇ ਹੈ, ਜਿਨ੍ਹਾਂ ਤੇ ਹੈਲਥ ਐਂਡ ਸੇਫਟੀ ਕਾਨੂੰਨ ਤਹਿਤ ਫਰਜ਼ ਆਇਦ ਹੁੰਦੇ ਹਨ। ਇਨ੍ਹਾਂ ਬਿਜ਼ਨਿਸ ਵਾਲਿਆਂ ਤੋਂ ਮੁਰਾਦ ਐਂਪਲਾਇਰਾਂ (ਰੁਜ਼ਗਾਰਦਾਤਿਆਂ) ਅਤੇ ਉਨ੍ਹਾਂ ਤੋਂ ਹੈ, ਜਿਹੜੇ ਕੰਮਕਾਰ ਦੀ ਥਾਂ ਕੰਟ੍ਰੋਲ ਕਰਦੇ ਹਨ। ਇਨ੍ਹਾਂ ਨੂੰ ਅੰਗਰੇਜ਼ੀ ਵਿਚ 'ਡਿਊਟੀਹੋਲਡਰ' ਕਿਹਾ ਜਾਂਦਾ ਹੈ। ਇਸ ਪਰਚੇ ਵਿਚ ਦੱਸਿਆ ਗਿਆ ਹੇ ਕਿ ਦੌਰੇ ਤੇ ਆਇਆ ਹੈਲਥ ਐਂਡ ਸੇਫਟੀ ਇੰਸਪੈਕਟਰ ਤੁਹਾਡੀ ਕੰਮਕਾਜ ਦੀ ਥਾਂ ਦਾ ਮੁਆਇਨਾ ਕਿਵੇਂ ਕਰਦਾ ਹੈ।

ਇਹ ਕਰਮਚਾਰੀਆਂ ਅਤੇ ਉਨ੍ਹਾਂ ਦੇ ਪ੍ਰਤੀਨਿਧਾਂ ਨੂੰ ਇਹ ਵੀ ਦੱਸਦਾ ਹੈ ਕਿ ਉਹ ਦੌਰੇ ਦੌਰਾਨ ਇੰਸਪੈਕਟਰ ਕੋਲੋਂ ਕਿਹੜੀ ਜਾਣਕਾਰੀ ਦੀ ਉਮੀਦ ਰੱਖ ਸਕਦੇ ਹਨ।

### ਹੈਲਥ ਐਂਡ ਸੇਫਟੀ ਕਾਨੂੰਨ ਕੌਣ ਲਾਗੂ ਕਰਦਾ ਹੈ?

ਹੈਲਥ ਐਂਡ ਸੇਫਟੀ ਕਾਨੂੰਨ ਹੈਲਥ ਐਂਡ ਸੇਫਟੀ ਅਗਜ਼ੈਕਟਿਵ (ਐਚ.ਐਸ.ਈ.) ਜਾਂ ਤੁਹਾਡੀ ਲੋਕਲ ਅਥਾਰਟੀ (ਕੌਂਸਲ) ਦੇ ਇੰਸਪੈਕਟਰ ਲਾਗੂ ਕਰਦੇ ਹਨ।

ਇੰਸਪੈਕਟਰ ਬਿਨਾਂ ਦੱਸਿਆਂ ਕਿਸੇ ਵੀ ਕੰਮਕਾਜ ਦੀ ਥਾਂ ਜਾ ਸਕਦੇ ਹਨ, ਪਰ ਜੇ ਇੰਸਪੈਕਟਰ ਮੁਨਾਸਿਬ ਸਮਝੇ, ਤਾਂ ਆਉਣ ਦਾ ਪਹਿਲਾਂ ਵੀ ਦੱਸ ਸਕਦਾ ਹੈ। ਆਮ ਮੁਆਇਨੇ ਦੇ ਦੌਰੇ ਵੇਲੇ ਉਹ ਤੁਹਾਡੇ ਕੰਮਕਾਜ ਦੀ ਥਾਂ ਜਾਚੇਗਾ, ਕੰਮ ਕਿਵੇਂ ਹੁੰਦਾ ਹੈ, ਤੁਸੀਂ ਹੈਲਥ ਐਂਡ ਸੇਫਟੀ ਦਾ ਕਿੰਨਾ ਧਿਆਨ ਰੱਖਦੇ ਹੋ ਅਤੇ ਇਹ ਕਿ ਕੀ ਉਸੀਂ ਹੈਲਥ ਐਂਡ ਸੇਫਟੀ ਕਾਨੂੰਨ ਦੀ ਪਾਲਣਾ ਕਰ ਰਹੇ ਹੋ ਜਾਂ ਨਹੀਂ। ਇੰਸਪੈਕਟਰ ਤੁਹਾਡੀ ਮੱਦਦ ਵਾਸਤੇ ਤੁਹਾਨੂੰ ਸਲਾਹ ਜਾਂ ਹਦਾਇਤਾਂ ਵੀ ਦੇ ਸਕਦਾ ਹੈ। ਉਹ ਕਰਮਚਾਰੀਆਂ ਤੇ ਉਨ੍ਹਾਂ ਦੇ ਨੁੰਮਾਇੰਦਿਆਂ ਨਾਲ ਗੱਲ ਵੀ ਕਰ ਸਕਦਾ ਹੈ, ਫੋਟੋਆਂ ਲੈ ਸਕਦਾ ਹੈ, ਸੈਂਪਲ ਭਰ ਸਕਦਾ ਹੈ, ਸੁਧਾਰ ਕਰਨ ਦਾ ਨੋਟਿਸ ਦੇ ਸਕਦਾ ਹੈ ਅਤੇ ਜੇ ਹੈਲਥ ਐਂਡ ਸੇਫਟੀ ਦਾ ਖਤਰਾ ਹੋਵੇ, ਤਾਂ ਓਸੇ ਵੇਲੇ ਫੌਰੀ ਕਾਰਵਾਈ ਵੀ ਕਰ ਸਕਦਾ ਹੈ।

### ਹੈਲਥ ਐਂਡ ਸੇਫਟੀ ਕਾਨੂੰਨ ਲਾਗੂ ਕਰਨਾ

ਹੈਲਥ ਐਂਸ ਸੇਫਟੀ ਕਾਨੂੰਨ ਦੀ ਉਲੰਘਣਾ ਲੱਭਣ ਸਾਰ ਇੰਸਪੈਕਟਰ ਇਹ ਫੈਸਲਾ ਕਰੇਗਾ ਕਿ ਕਿਹੜੀ ਕਾਰਵਾਈ ਕਰਨੀ ਹੈ। ਇਹ ਕਾਰਵਾਈ ਹੋਈ ਉਲੰਘਣਾ ਦੇ ਹਿਸਾਬ ਨਾਲ ਤੇ ਹੈਲਥ ਐਂਡ ਸੇਫਟੀ ਕਮਿਸ਼ਨ (ਐਚ.ਐਸ.ਸੀ.) ਦੀ ਨੀਤੀ Enforcement Policy Statement ਦੇ ਅਸੂਲਾਂ ਮੁਤਾਬਿਕ ਕੀਤੀ ਜਾਵੇਗੀ। ਇੰਸਪੈਕਟਰ ਨੂੰ ਚਾਹੀਦਾ ਹੈ ਕਿ ਉਹ ਕਰਮਚਾਰੀਆਂ ਜਾਂ ਉਨ੍ਹਾਂ ਦੇ ਨੁੰਮਾਇੰਦਿਆਂ ਨੂੰ ਕੀਤੀ ਕਾਰਵਾਈ ਜਾਂ ਉਨ੍ਹਾਂ ਦੀ ਸਿਹਤ ਹਿਫਾਜ਼ਤ ਤੇ ਭਲਾਈ ਬਾਰੇ ਦੱਸੇ।

ਇੰਸਪੈਕਟਰ ਕਾਨੂੰਨ ਦੀ ਉਲੰਘਣਾ ਨਾਲ ਨਜਿੱਠਣ ਲਈ ਕਈ ਤਰੀਕਿਆ ਨਾਲ ਕਾਰਵਾਈ ਕਰ ਸਕਦੇ ਹਨ। ਬਹੁਤੇ ਮਾਮਲਿਆਂ ਵਿਚ ਇਹ ਤਰੀਕੇ ਅਪਣਾਏ ਜਾਂਦੇ ਹਨ:

#### *ਜ਼ੁਬਾਨੀ*

ਜੇ ਕਾਨੂੰਨ ਦੀ ਉਲੰਘਣਾ ਮਾਮੂਲੀ ਕਿਸਮ ਦੀ ਹੋਵੇ, ਤਾਂ ਇੰਸਪੈਕਟਰ ਡੀਊਟੀਹੋਲਡਰ ਯਾਨੀ ਮਾਲਿਕ (ਐਂਪਲਾਇਰ) ਜਾਂ ਠੇਕੇਦਾਰ ਨੂੰ ਦੱਸ ਸਕਦਾ ਹੈ ਕਿ ਕਾਨੂੰਨ ਦੀ ਪਾਲਣਾ ਕਰਨ ਲਈ ਕੀ ਕਰਨਾ ਚਾਹੀਦਾ ਹੈ ਅਤੇ ਇੰਜ ਕਰਨ ਦੀ ਲੋੜ ਕਿਉਂ ਹੈ। ਜੇ ਇੰਸਪੈਕਟਰ ਨੂੰ ਆਖਿਆ ਜਾਵੇ ਤਾਂ ਉਹ ਇਹ ਸਲਾਹ ਲਿਖ ਕੇ ਵੀ ਘੱਲ ਸਕਦਾ ਹੈ ਕਿ ਕਾਨੂੰਨ ਅਤੇ ਸੁਚੱਜੇ ਕੰਮ ਦੀਆਂ ਜ਼ਰੂਰਤਾਂ ਕੀ ਕੀ ਹਨ।

*ਇੰਪਰੂਵਮੈਂਟ (ਸੁਧਾਰ ਕਰਨ ਦਾ) ਨੋਟਿਸ*

ਜੇ ਕਾਨੂੰਨ ਦੀ ਉਲੰਘਣਾ ਵਧੇਰੇ ਸੰਗੀਨ ਹੋਵੇ, ਤਾਂ ਇੰਸਪੈਕਟਰ ਕਾਨੂੰਨ ਦੀ ਪਾਲਣਾ ਕਰਨ ਵਾਸਤੇ ਕੁੱਝ ਕਰਨ ਲਈ ਡੀਊਟੀਹੋਲਡਰ ਨੂੰ ਇੰਪਰੂਵਮੈਂਟ (ਸੁਧਾਰ ਕਰਨ ਦਾ) ਨੋਟਿਸ ਦੇ ਸਕਦਾ ਹੈ। ਇੰਸਪੈਕਟਰ ਇੰਪਰੂਵਮੈਂਟ ਨੋਟਿਸ ਬਾਬਤ ਗੱਲਬਾਤ ਕਰੇਗਾ ਅਤੇ ਜੇ ਹੋ ਸਕੇ ਤਾਂ ਇਹ ਜਾਰੀ ਕਰਨ ਤੋਂ ਪਹਿਲਾਂ ਮਤਭੇਦ ਸੁਲਝਾਉਣ ਦੀ ਕੋਸ਼ਿਸ਼ ਕਰੇਗਾ। ਨੋਟਿਸ ਵਿਚ ਇਹ ਦੱਸਿਆ ਹੋਵੇਗਾ ਕਿ ਕੀ ਕੁੱਝ ਅਤੇ ਕਿਉਂ ਕਰਨ ਦੀ ਲੋੜ ਹੈ ਅਤੇ ਇਹ ਕੰਮ ਕਦੋਂ ਤੱਕ ਹੋ ਜਾਣਾ ਚਾਹੀਦਾ ਹੈ। ਸੁਧਾਰ ਕਰਨ ਦੀ ਇਹ ਮੋਹਲਤ ਘੱਟੋ ਘੱਟ 21 ਦਿਨ ਦਿੱਤੀ ਜਾਵੇਗੀ, ਤਾਂ ਕਿ ਡੀਊਟੀਹੋਲਡਰ ਜੇ ਚਾਹਵੇ ਤਾਂ ਇੰਡਸਟਰੀਅਲ ਟ੍ਰੀਬੀਊਨਲ ਕੋਲ ਅਪੀਲ ਕਰ ਸਕੇ। (ਅਪੀਲ ਬਾਬਤ ਜਾਣਕਾਰੀ ਹੇਠਾਂ ਦੇਖੋ) ਜੇ ਦੱਸੇ ਅਰਸੇ ਵਿਚ-ਵਿਚ ਨੋਟਿਸ ਤੇ ਕਾਰਵਾਈ ਨਾ ਹੋਵੇ, ਤਾਂ ਇੰਸਪੈਕਟਰ ਅਗਲੀ ਕਾਨੂੰਨੀ ਕਾਰਵਾਈ ਕਰ ਸਕਦਾ ਹੈ।

*ਪ੍ਰੋਹਿਬਸ਼ਨ (ਪਾਬੰਦੀ ਦਾ) ਨੋਟਿਸ*

ਜਿਸ ਥਾਂ ਗੰਭੀਰ ਸੱਟਫੇਟ ਲੱਗਣ ਦਾ ਖਤਰਾ ਮੌਜੂਦ ਹੋਵੇ, ਤਾਂ ਇੰਸਪੈਕਟਰ ਉਸ ਕੰਮ ਨੂੰ ਫੌਰਨ ਜਾਂ ਮੁਕੱਰਰ ਅਰਸੇ ਬਾਅਦ ਰੋਕ ਦੇਣ ਲਈ ਪਰੋਹਿਬਸ਼ਨ (ਪਾਬੰਦੀ ਦਾ) ਨੋਟਿਸ ਦੇ ਸਕਦਾ ਹੈ।ਉਹ ਇਹ ਵੀ ਦੱਸੇਗਾ ਕਿ ਜਦ ਤੱਕ ਹਾਲਤ ਦਾ ਸੁਧਾਰ ਨਹੀਂ ਹੁੰਦਾ, ਉਦੋਂ ਤੱਕ ਇਹ ਕੰਮ ਮੁੜ ਸ਼ੁਰੂ ਨਹੀਂ ਕੀਤਾ ਜਾ ਸਕਦਾ। ਨੋਟਿਸ ਵਿਚ ਇਹ ਦੱਸਿਆ ਹੋਵੇਗਾ ਕਿ ਇਹ ਕੰਮ ਕਰਨ ਦੀ ਲੋੜ ਕਿਉਂ ਹੈ। ਡੀਊਟੀਹੋਲਡਰ ਨੂੰ ਇਹ ਲਿਖਤੀ ਦੱਸਿਆ ਜਾਵੇਗਾ ਕਿ ਉਹ ਇੰਡਸਟਰੀਅਲ ਟ੍ਰੀਬਿਊਨਲ ਕੋਲ ਅਪੀਲ ਕਰ ਸਕਦਾ ਹੈ। (ਅਪੀਲ ਬਾਬਤ ਜਾਣਕਾਰੀ ਹੇਠਾਂ ਦੇਖੋ)।

*ਅਦਾਲਤੀ ਕਾਰਵਾਈ*

ਕੁੱਝ ਹਾਲਤਾਂ ਵਿਚ ਇੰਸਪੈਕਟਰ ਇਹ ਸੋਚ ਸਕਦਾ ਹੈ ਕਿ ਅਦਾਲਤੀ ਕਾਰਵਾਈ ਵੀ ਸ਼ੁਰੂ ਕਰਨੀ ਜ਼ਰੂਰੀ ਹੈ। ਇਸ ਬਾਬਤ ਫੈਸਲਾ ਕਰਨ ਦੇ ਅਸੂਲ ਹੈਲਥ ਐਂਡ ਸੇਫਟੀ ਕਮਿਸ਼ਨ (ਐਚ.ਐਸ.ਸੀ.) ਦੀ ਨੀਤੀ Enforcement Policy Statement ਵਿਚ ਦਰਜ ਹਨ। ਹੈਲਥ ਐਂਡ ਸੇਫਟੀ ਕਾਨੂੰਨ ਮੁਤਾਬਿਕ ਅਦਾਲਤਾਂ ਕੋਲ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਅਤੇ ਹੋਰਨਾ ਨੂੰ ਹੋੜਨ ਦੇ ਕਾਫੀ ਹੱਕ ਹਾਸਿਲ ਹਨ। ਮਿਸਾਲ ਵਜੋਂ, ਸੁਧਾਰ ਕਰਨ ਜਾਂ ਪਾਬੰਦੀ ਦੀ ਜਾਂ ਅਦਾਲਤੀ ਹੁਕਮ ਦੀ ਅਦੂਲੀ ਕਰਨ ਬਦਲੇ 20 ਹਜ਼ਾਰ ਪੌਂਡ ਜੁਰਮਾਨਾ ਜਾਂ ਛੇ ਮਹੀਨੇ ਕੈਦ ਜਾਂ ਕੈਦ ਤੇ ਜੁਰਮਾਨਾ ਇਕੱਠੇ ਹੋ ਸਕਦੇ ਹਨ। ਉਚੇਰੀਆਂ ਅਦਾਲਤਾਂ ਬੇਪਨਾਹ ਜੁਰਮਾਨੇ ਤੇ ਕੁੱਝ ਹਾਲਤਾਂ ਵਿਚ ਕੈਦ ਦੀ ਸਜ਼ਾ ਦੇ ਸਕਦੀਆਂ ਹਨ।

*ਅਪੀਲ*

ਸੁਧਾਰ ਜਾਂ ਪਾਬੰਦੀ ਦੇ ਨੋਟਿਸ ਜਾਰੀ ਹੋਣ ਬਾਅਦ ਡੀਊਟੀਹੋਲਡਰ ਨੂੰ ਚਿੱਠੀ ਲਿਖ ਕੇ ਦੱਸਿਆ ਜਾਂਦਾ ਹੈ ਕਿ ਉਹਨੂੰ ਇੰਡਸਟਰੀਅਲ ਟ੍ਰੀਬਿਊਨਲ ਕੋਲ ਅਪੀਲ ਕਰਨ ਦਾ ਹੱਕ ਹਾਸਿਲ ਹੈ। ਅਪੀਲ ਕਰਨ ਦਾ ਤਰੀਕਾ ਨੋਟਿਸ ਦੇ ਪਿਛਾੜੀ ਵੀ ਛਪਿਆ ਹੁੰਦਾ ਹੈ। ਡੀਊਟੀਹੋਲਡਰ ਨੂੰ ਦੱਸਿਆ ਜਾਵੇਗਾ:

- ਕਿ ਅਪੀਲ ਕਿਵੇਂ ਕਰਨੀ ਹੈ ਅਤੇ ਉਹਨੂੰ ਅਪੀਲ ਵਾਲਾ ਫਾਰਮ ਮਿਲੇਗਾ;
- ਕਿ ਅਪੀਲ ਕਿਥੇ ਅਤੇ ਕਦੋਂ ਸੁਣੀ ਜਾਵੇਗੀ; ਅਤੇ
- ਕਿ ਸੁਧਾਰ ਕਰਨ ਦੇ ਨੋਟਿਸ ਵਿਚ ਜੋ ਕਾਰਵਾਈ ਕਰਨ ਲਈ ਆਖਿਆ ਹੋਵੇ, ਉਸ ਤੇ ਅਮਲ ਅਪੀਲ ਦੀ ਸੁਣਵਾਈ ਤੱਕ ਮੁਲਤਵੀ ਹੈ।

## ਕਰਮਚਾਰੀਆਂ ਅਤੇ ਉਨ੍ਹਾਂ ਦੇ ਨੁੰਮਾਇੰਦਿਆ ਵਾਸਤੇ ਇਤਲਾਹ

ਆਮ ਕਿਸਮ ਦੇ ਦੌਰੇ ਵੇਲੇ ਇੰਸਪੈਕਟਰ ਇਹ ਚੈੱਕ ਕਰੇਗਾ ਕਿ ਕੀ ਕੰਮ ਦੇ ਇੰਚਾਰਜ ਐਂਪਲਾਇਰਾਂ ਨੇ ਆਪਣੇ ਕਰਮਚਾਰੀਆਂ ਜਾਂ ਉਨ੍ਹਾਂ ਦੇ ਨੁੰਮਾਇੰਦਿਆਂ ਵਾਸਤੇ ਹੈਲਥ ਐਂਡ ਸੇਫਟੀ ਰਖਣ ਤੇ ਇਸ ਬਾਬਤ ਸਲਾਹ-ਮਸ਼ਵਿਰਾ ਕਰਨ ਦਾ ਇੰਤਜ਼ਾਮ ਕੀਤਾ ਹੋਇਆ ਹੈ ਜਾਂ ਨਹੀਂ। ਐਸਾ ਇੰਤਜ਼ਾਮ ਕਾਨੂੰਨਨ ਰੱਖਣਾ ਹੁੰਦਾ ਹੈ।

ਇੰਸਪੈਕਟਰ ਦੌਰੇ ਵੇਲੇ ਕਰਮਚਾਰੀਆਂ ਜਾਂ ਉਨ੍ਹਾਂ ਦੇ ਨੁੰਮਾਇੰਦਿਆਂ ਨਾਲ ਮਿਲ ਕੇ ਗੱਲ ਕਰੇਗਾ। ਪਰ ਜੇ ਦੌਰੇ ਦੇ ਮਕਸਦ ਮੁਤਾਬਿਕ ਇੰਝ ਕਰਨ ਦੀ ਲੋੜ ਨਾ ਹੋਵੇ ਤਾਂ ਗੱਲ ਨਹੀਂ ਕਰੇਗਾ। ਇਸ ਵੇਲੇ ਜੇ ਕਰਮਚਾਰੀ ਜਾਂ ਉਨ੍ਹਾਂ ਦੇ ਨੁੰਮਾਇੰਦੇ ਇੰਸਪੈਕਟਰ ਨਾਲ ਓਹਲੇ ਵਿਚ ਗੱਲ ਕਰਨ ਨੂੰ ਆਖਣ, ਤਾਂ ਉਨ੍ਹਾਂ ਨੂੰ ਇਹ ਮੌਕਾ ਹਮੇਸ਼ਾ ਮਿਲਣਾ ਚਾਹੀਦਾ ਹੈ।

ਜਿੱਥੇ ਜ਼ਰੂਰੀ ਹੋਵੇ, ਇੰਸਪੈਕਟਰ ਕਰਮਚਾਰੀਆਂ ਜਾਂ ਉਨ੍ਹਾਂ ਦੇ ਨੁੰਮਾਇੰਦਿਆਂ ਨੂੰ ਕੰਮ ਤੇ ਉਨ੍ਹਾਂ ਦੀ ਸਿਹਤ, ਹਿਫਾਜ਼ਤ ਤੇ ਭਲਾਈ ਬਾਰੇ ਦੱਸੇਗਾ। ਉਹ ਇਹ ਵੀ ਦੱਸੇਗਾ ਕਿ ਉਹਨੇ ਕੀ ਕਾਰਵਾਈ ਕੀਤੀ ਹੈ ਜਾਂ ਕਰਨੀ ਚਾਹੁੰਦਾ ਹੈ। ਇੰਸਪੈਕਟਰ ਦੀ ਦਿੱਤੀ ਜਾਣਕਾਰੀ ਵਿਚ ਇਹ ਕੁੱਝ ਵੀ ਹੁੰਦਾ ਹੈ:

- ਉਹ ਮਾਮਲੇ ਜਿਨ੍ਹਾਂ ਨੂੰ ਇੰਸਪੈਕਟਰ ਗੰਭੀਰ ਸਮਝਦਾ ਹੈ;
- ਇੰਸਪੈਕਟਰ ਨੇ ਜੋ ਕਾਰਵਾਈ ਕੀਤੀ ਹੋਵੇ, ਉਹਦਾ ਵੇਰਵਾ; ਅਤੇ
- ਬਿਜ਼ਨਿਸ ਨੂੰ ਅਦਾਲਤ ਵਿਚ ਲਿਜਾਣ ਦਾ ਇਰਾਦਾ (ਪਰ ਡੀਊਟੀਹੋਲਡਰ ਨਾਲ ਪਹਿਲਾਂ ਗੱਲ ਕਰਨ ਤੋਂ ਬਾਅਦ ਹੀ ਕਰਮਚਾਰੀਆਂ ਨੂੰ ਦੱਸੀ ਜਾਵੇਗੀ)

ਹਾਲਾਤ ਮੁਤਾਬਿਕ ਇੰਸਪੈਕਟਰ ਇਹ ਜਾਣਕਾਰੀ ਜ਼ਬਾਨੀ ਦੱਸੇਗਾ ਜਾਂ ਲਿਖ ਕੇ ਦੇਵੇਗਾ।

## ਸ਼ਿਕਾਇਤਾਂ

ਇਸ ਪਰਚੇ ਵਿਚ ਇਹ ਦੱਸਿਆ ਹੈ ਕਿ ਤੁਹਾਡੇ ਕੰਮ ਵਾਲੀ ਥਾਂ ਤੇ ਦੌਰੇ ਤੇ ਆਇਆ ਹੈਲਥ ਐਂਡ ਸੇਫਟੀ ਇੰਸਪੈਕਟਰ ਕੀ ਕਰਦਾ ਹੈ। ਜੇ ਤੁਹਾਨੂੰ ਕੋਈ ਸ਼ਿਕਾਇਤ ਹੋਵੇ ਕਿ ਉਹਨੇ ਬਾਕਾਇਦਾ ਮੁਆਇਨਾ ਨਹੀਂ ਕੀਤਾ, ਤਾਂ ਤੁਸੀਂ ਇੰਸਪੈਕਟਰ ਦੇ ਮੈਨੇਜਰ ਨਾਲ ਇਸ ਬਾਰੇ ਗੱਲ ਕਰ ਸਕਦੇ ਹੋ।

ਜੇ ਇੰਸਪੈਕਟਰ ਹੈਲਥ ਐਂਡ ਸੇਫਟੀ ਅਗਜ਼ੈਕਟਿਵ ਦਾ ਹੈ ਤਾਂ ਤੁਸੀਨ ਇੰਸਪੈਕਟਰ ਦੇ ਮੈਨੇਜਰ ਨਾਲ ਇਸ ਬਾਰੇ ਗੱਲ ਕਰ ਸਕਦੇ ਹੋ ਜਾਂ ਉਹਨੂੰ ਚਿੱਠੀ ਲਿਖ ਸਕਦੇ ਹੋ। ਉਹਾ ਤੁਹਾਡੀ ਸ਼ਿਕਾਇਤ ਦੀ ਤਫਤੀਸ਼ ਕਰਕੇ ਤੁਹਾਨੂੰ ਦੱਸੇਗਾ ਕਿ ਅੱਗੇ ਕੀ ਕਾਰਵਾਈ ਹੋ ਸਕਦੀ ਹੈ। ਬਹੁਤੀਆਂ ਸ਼ਿਕਾਇਤਾਂ ਇਸ ਤਰੀਕੇ ਨਾਲ ਅਕਸਰ ਫੌਰਨ ਨਜਿੱਠੀਆਂ ਜਾਂਦੀਆਂ ਹਨ। ਜੇ ਤਾਂ ਵੀ ਤੁਹਾਡੀ ਤਸੱਲੀ ਨਾ ਹੋਵੇ ਤਾਂ ਐਚ.ਐਸ.ਈ. ਦੇ ਚੀਫ ਅਗਜ਼ੈਕਟਿਵ, ਜੈਫਰੀ ਪੌਜਰ (Geoffrey Podger) ਨੂੰ ਚਿੱਠੀ ਲਿਖੋ। ਉਹ ਦੇਖੇਗਾ ਕਿ ਤੁਹਾਡੀ ਸ਼ਿਕਾਇਤ ਦੀ ਸਹੀ ਅਤੇ ਨਿਆਂ ਪੂਰਵਕ ਪੈਰਵੀ ਕੀਤੀ ਜਾਵੇ। ਐਚ.ਐਸ.ਈ. ਨੂੰ, ਸਰਕਾਰ ਜਾਂ ਨਿਰਪੱਖ ਪਾਰਲੀਮੈਂਟਰੀ ਕਮਿਸ਼ਨਰ ਫੋਰ ਐਡਮਨਿਸਟ੍ਰੇਸ਼ਨ (ਓਮਬਡਜ਼ਮੈਨ) ਨੂੰ ਲਿਖਣ ਲਈ ਤੁਸੀਂ ਆਪਣੇ ਐਮ.ਪੀ. ਨੂੰ ਵੀ ਆਖ ਸਕਦੇ ਹੋ।

ਜੇ ਇੰਸਪੈਕਟਰ ਕਿਸੇ **ਲੋਕਲ ਅਥਾਰਟੀ** (ਕੌਂਸਲ ਵਗੈਰਾ ਦਾ) ਹੈ ਤਾਂ ਤੁਸੀਂ ਇੰਸਪੈਕਟਰ ਦੇ ਮੈਨੇਜਰ ਨਾਲ ਇਸ ਬਾਰੇ ਗੱਲ ਕਰ ਸਕਦੇ ਹੋ ਜਾਂ ਉਸਨੂੰ ਚਿੱਠੀ ਲਿਖ ਸਕਦੇ ਹੋ। ਜੇ ਤਾਂ ਵੀ ਤੁਹਾਡੀ ਤਸੱਲੀ ਨਾ ਹੋਵੇ ਤਾਂ ਤੁਸੀਂ ਲੋਕਲ ਅਥਾਰਟੀ ਦੀ ਰਵਾਇਤੀ ਸ਼ਿਕਾਇਤ ਵਿਧੀ ਦੀ ਵਰਤੋਂ ਕਰ ਸਕਦੇ ਹੋ। ਬਦਇੰਤਜ਼ਾਮੀ ਦੇ ਮਾਮਲੇ ਦੀ ਸ਼ਿਕਾਇਤ ਤੁਸੀਂ ਇੰਗਲੈਂਡ, ਸਕਾਟਲੈਂਡ ਜਾਂ ਵੇਲਜ ਦੇ ਲੋਕਲ ਗਵਰਨਮੈਂਟ ਓਮਬਰਡਜ਼ਮੈਨ ਕੋਲ ਕਰ ਸਕਦੇ ਹੋ।

ਜੇ ਇੰਸਪੈਕਟਰ ਕਿਸੇ ਹੋਰ ਅਥਾਰਟੀ ਦਾ ਹੈ, ਤਾਂ ਤੁਸੀਂ ਇੰਸਪੈਕਟਰ ਦੇ ਮੈਨੇਜਰ ਨਾਲ ਗੱਲ ਕਰ ਸਕਦੇ ਹੋ ਜਾਂ ਉਸਨੂੰ ਚਿੱਠੀ ਲਿਖ ਸਕਦੇ ਹੋ। ਜੇ ਤਾਂ ਵੀ ਤੁਹਾਡੀ ਤਸੱਲੀ ਨਾ ਹੋਵੇ ਤਾਂ ਤੁਸੀਂ ਐਚ.ਐਸ.ਈ. ਦੇ ਚੀਫ ਅਗਜ਼ੈਕਟਿਵ ਜੈਫਰੀ ਪੌਜਰ (Geoffrey Podger) ਨਾਲ ਸੰਪਰਕ ਕਰ ਸਕਦੇ ਹੋ। ਉਸ ਨਾਲ ਲਿਖਤੀ ਰੂਪ ਵਿਚ ਸੰਪਰਕ ਇਸ ਪਤੇ ਤੇ ਕੀਤਾ ਜਾ ਸਕਦਾ ਹੈ: Health and Safety Executive, Rose Court, 2 Southwark Bridge, London SE1 9HS.

## ਹੈਲਥ ਐਂਡ ਸੇਫਟੀ ਕਾਨੂੰਨ ਬਾਰੇ ਹੋਰ ਪਤਾ ਕਿਵੇਂ ਲੱਗ ਸਕਦਾ ਹੈ ਅਤੇ ਇਹ ਕਿਵੇਂ ਆਇਦ ਹੁੰਦਾ ਹੈ

ਕਾਨੂੰਨ ਮੁਤਾਬਿਕ ਬਿਜ਼ਨਿਸਾਂ ਨੂੰ ਕੀ ਕਰਨਾ ਚਾਹੀਦਾ ਹੈ ਸਮੇਤ ਵਧੇਰੇ ਜਾਣਕਾਰੀ ਐਚ.ਐਸ.ਈ. ਦੇ ਇਸ ਲੀਫਲੈਟ ਵਿਚ ਦੇਖੀ ਜਾ ਸਕਦੀ ਹੈ:

*ਐਨ ਇੰਟਰੋਡੱਕਸ਼ਨ ਟੂ ਹੈਲਥ ਐਂਡ ਸੇਫਟੀ। ਹੈਲਥ ਐਂਡ ਸੇਫਟੀ ਇਨ ਸਮਾਲ ਬਿਜ਼ਬਸਿਜ* INDG259(rev1) ਐਚ.ਐਸ.ਈ. ਬੁਕਸ 2003 (ਸਿੰਗਲ ਕਾਪੀ ਮੁਫਤ ਜਾਂ ਪੰਜਾਂ ਦਾ ਪੈਕ ਕੀਮਤ ਤਾਰ ਕੇ ISBN 0 7176 2685 7) ਵੈਬ ਉਤੇ: www.hse.gov.uk/pubns/indg.259.pdf

ਐਚ.ਐਸ.ਈ. ਦੀਆਂ ਮੁਫਤ ਅਤੇ ਕੀਮਤ ਵਾਲੀਆਂ ਪਬਲੀਕੇਸ਼ਨਾ ਇਸ ਪਤੇ ਤੋਂ ਮੇਲ ਆਰਡਰ ਰਾਹੀਂ ਉਪਲੱਬਧ ਹਨ: HSE Books, PO Box 1999, Sudbury, Suffolk CO10 2WA ਫੋਨ: 01787 881165 Fax: 01787 313995. ਵੈਬਸਾਈਟ: www.hsebooks.co.uk (ਐਚ.ਐਸ.ਈ. ਦੀਆਂ ਕੀਮਤ ਵਾਲੀਆਂ

ਪਬਲੀਕੇਸ਼ਨਾ ਪੁਸਤਕਾਂ ਦੀਆਂ ਦੁਕਾਨਾ ਤੋਂ ਵੀ ਮਿਲ ਸਕਦੀਆਂ ਹਨ ਅਤੇ ਮੁਫਤ ਲੀਫਲੈਟ ਐਚ.ਐਸ.ਈ. ਦੀ ਵੈਬਸਾਈਟ: www.hse.gov.uk ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ)

ਹੈਲਥ ਐਂਡ ਸੇਫਟੀ ਸਬੰਧੀ ਜਾਣਕਾਰੀ ਲਈ ਐਚ.ਐਸ.ਈ. ਦੀ ਹਾਟਲਾਈਨ ਨੂੰ 0845 345 0055 ਤੇ ਫੋਨ ਕਰੋ, ਫੈਕਸ: 0845 408 9566 ਟੈਕਸਟ ਫੋਨ: 0845 408 9577 ਈਮੇਲ: hse.infoline@natbrit.com ਜਾਂ ਇਸ ਪਤੇ ਤੇ ਚਿੱਠੀ ਲਿਖੋ: HSE Information Services, Caerphilly Business Park, Caerphilly CF83 3GG.

**ਇਸ ਦਸਤਾਵੇਜ਼ ਵਿਚ ਚੰਗੇ ਅਭਿਆਸ ਸਬੰਧੀ ਨੋਟ ਦਰਜ ਹਨ ਜੋ ਲਾਜ਼ਮੀ ਤਾਂ ਨਹੀਂ ਪਰ ਇਹ ਵਿਚਾਰਨ ਸਮੇਂ, ਕਿ ਤੁਹਾਨੂੰ ਕੀ ਕੁੱਝ ਕਰਨ ਦੀ ਲੋੜ ਹੈ, ਮੱਦਦਗਾਰ ਸਾਬਤ ਹੋ ਸਕਦੇ ਹਨ।**

ਇਹ ਦਸਤਾਵੇਜ਼ www.hse.gov.uk/pubns/hsc14.pdf ਵਿਖੇ ਆਨਲਾਈਨ ਉਪਲੱਬਧ ਹੈ। ਅਤੇ ਇਸ ਰੂਪ ਵਿਚ ਛਾਪਿਆ ਹੋਇਆ ਐਚ.ਐਸ.ਈ. ਬੁਕਸ ਤੋਂ ਮਿਲ ਸਕਦਾ ਹੈ।

ਲੋਕਲ ਅਥਾਰਟੀਆਂ ਹੈਲਥ ਐਂਡ ਸੇਫਟੀ ਲਾਗੂ ਕਰਨ ਸਬੰਧੀ ਵਧੇਰੇ ਜਾਣਕਾਰੀ ਦੇ ਪਰਚੇ ਆਪਣੇ ਤੌਰ ਤੇ ਛਾਪ ਸਕਦੀਆਂ ਹਨ। ਤੁਹਾਡੀ ਲਾਗੂ ਕਰਨ ਵਾਲੀ ਅਥਾਰਟੀ ਹੈ:

© *ਕ੍ਰਾਊਨ ਕਾਪੀਰਾਈਟ.* ਇਹ ਪ੍ਰਕਾਸ਼ਨ ਦੁਬਾਰਾ ਛਾਪਣ ਦੀ ਪੂਰੀ ਖੁੱਲ ਹੈ, ਪਰ ਇਸ਼ਤਿਹਾਰਬਾਜ਼ੀ ਜਾਂ ਵਪਾਰਕ ਕੰਮਾਂ ਲਈ ਨਹੀਂ ਵਰਤਿਆ ਜਾ ਸਕਦਾ। ਪਹਿਲੀ ਵਾਰ 04/98 ਵਿਚ ਛਾਪਿਆ ਗਿਆ। ਪਤਾ ਰਹੇ ਕਿ ਇਸਦਾ ਸ੍ਰੋਤ ਐਚ.ਐਸ.ਈ. ਹੈ।

Published by the Health and Safety Executive
HSC14